ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ।

ਹੁਕਮ ਨੰ:10/47-13 ਅ1(5) (ਕੋ:ਸੈ-4)
ਮਿਤੀ, ਐਸ.ਏ.ਐਸ.ਨਗਰ :-13-01-2015

ਸ਼੍ਰੀ ਨੀਰਜ ਸ਼ਰਮਾ, ਲੈਕ: ਅੰਗਰੇਜ਼ੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਂਜਲੀ (ਕਪੂਰਥਲਾ) ਨੂੰ ਡਾਇਰੈਕਟੋਰੇਟ ਦੇ ਹੁਕਮ ਨੰ:10/47-13 ਅ1(5) ਮਿਤੀ 10-05-2013/28-05-2013 ਰਾਂਹੀ ਮਿਤੀ 19-01-2013 ਤੋਂ ਸਰਕਾਰੀ ਡਿਊਟੀ ਤੋ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਕਾਰਨ ਮੇਜਰ ਸਜਾ ਦੇਣ ਲਈ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੀ ਧਾਰਾ 8 ਦੇ ਨਿਯਮ 5(viii) ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ। ਕਰਮਚਾਰੀ ਵੱਲੋ ਦੋਸ਼ ਸੂਚੀ ਦਾ ਉਤਰ ਪ੍ਰਾਪਤ ਨਾ ਹੋਣ ਕਾਰਨ, ਉਸ ਵਿਰੁੱਧ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਸ਼੍ਰੀ ਲਖਬੀਰ ਸਿੰਘ, ਪ੍ਰਿੰਸੀਪਲ, ਸ.ਸ.ਸ.ਸ. ਟਿੱਬਾ(ਕਪੂਰਥਲਾ) ਨੂੰ ਡਾਇਰੈਕਟੋਰੇਟ ਦੇ ਹੁਕਮ ਨੰ: 10/47-2013 ਅ 1(5) ਮਿਤੀ 16-12-2013/17.01.2014 ਰਾਂਹੀ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ। ਪੜਤਾਲੀਆ ਅਫਸਰ ਵੱਲੋਂ ਪ੍ਰਾਪਤ ਹੋਈ ਪੜਤਾਲ ਰਿਪੋਰਟ ਪੱਤਰ ਨੰ: 5350 ਮਿਤੀ 22-03-2014 ਰਾਂਹੀ ਕਰਮਚਾਰੀ ਵਿਰੁੱਧ ਮਿਤੀ 19-01-2013 ਤੋਂ ਸਰਕਾਰੀ ਡਿਊਟੀ ਤੋ ਲਗਾਤਾਰ ਅਣਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਦਾ ਦੋਸ਼ ਸਿੱਧ ਹੋਣ ਸਬੰਧੀ ਇਸ ਦਫਤਰ ਨੂੰ ਸੂਚਿਤ ਕੀਤਾ ਗਿਆ ਹੈ। ਕੁਦਰਤੀ ਇਨਸਾਫ ਨੂੰ ਮੁੱਖ ਰਖਦਿਆਂ ਸ਼੍ਰੀ ਨੀਰਜ ਸ਼ਰਮਾ, ਲੈਕ: ਅੰਗਰੇਜ਼ੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਂਜਲੀ (ਕਪੂਰਥਲਾ) ਲਈ ਮਿਤੀ 06-09-2014 ਨੂੰ ਦੋ ਅਖਬਾਰਾਂ ਵਿੱਚ ਪਬਲਿਕ-ਨੋਟਿਸ ਛਪਵਾਇਆ ਗਿਆ। ਜਿਸ ਵਿਚ ਕਰਮਚਾਰੀ ਨੂੰ ਮੌਕਾ ਦਿੱਤਾ ਗਿਆ ਕਿ ਉਹ ਆਪਣੇ ਪੱਖ ਵਿਚ ਜੇਕਰ ਕੁਝ ਕਹਿਣਾ ਚਾਹੁੰਦਾ ਹੈ ਤਾਂ ਨੋਟਿਸ ਛੱਪਣ ਦੇ 21 ਦਿਨਾਂ ਦੇ ਅੰਦਰ ਅੰਦਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਪੱਖ ਪੇਸ਼ ਕਰੇ। ਇਸ ਨੋਟਿਸ ਦੇ ਸਨਮੁੱਖ ਸ਼੍ਰੀ ਨੀਰਜ ਸ਼ਰਮਾ ਵੱਲੋਂ ਨਿੱਜੀ ਤੌਰ ਤੇ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਨਹੀਂ ਕੀਤਾ ਗਿਆ। ਇਸ ਤੋਂ ਇਹ ਸਪਸ਼ਟ ਹੈ ਕਿ ਕਰਮਚਾਰੀ ਸਰਕਾਰੀ ਨੌਕਰੀ ਚਾਲੂ ਰੱਖਣ ਵਿਚ ਦਿਲਚਸਪੀ ਨਹੀ ਰੱਖਦਾ। ਸ਼੍ਰੀ ਨੀਰਜ ਸ਼ਰਮਾ ਵੱਲੋਂ ਮਿਤੀ 01-07-2014 ਨੂੰ ਕਨੇਡਾ ਤੋਂ ਪੱਤਰ ਭੇਜ ਕੇ ਹਾਜਰ ਹੋਣ ਦੀ ਆਗਿਆ ਲਈ ਪ੍ਰਤੀਬੇਨਤੀ ਭੇਜ ਕੇ ਵਿਭਾਗ ਨੂੰ ਗੁੰਮਰਾਹ ਕਰਨ ਦਾ ਸਬੂਤ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 5 (VIII) ਵਿਚ ਦਿੱਤੀਆ ਸ਼ਕਤੀਆਂ ਦੀ ਵਰਤੋ ਕਰਦੇ ਹੋਏ ਸ਼੍ਰੀ ਨੀਰਜ ਸ਼ਰਮਾ, ਲੈਕ: ਅੰਗਰੇਜ਼ੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਂਜਲੀ (ਕਪੂਰਥਲਾ) ਦੇ ਅਣ-ਅਧਿਕਾਰਤ ਤੌਰ ਤੇ ਮਿਤੀ 19-01-2013 ਤੋ ਹੁਣ ਤੱਕ ਲਗਾਤਾਰ ਜਾਣਬੁਝ ਕੇ ਸਰਕਾਰੀ ਡਿਊਟੀ ਤੋਂ ਗੈਰਹਾਜਰ ਰਹਿਣ ਦੇ ਦੋਸ਼ ਕਾਰਨ ਉਸ ਦੀਆਂ ਸੇਵਾਵਾਂ ਤਤਕਾਲ ਸਮੇਂ ਤੋ ਖਤਮ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿਠ ਅੰਕਣ ਨੰ: ਉਕਤ 796-99
ਮਿਤੀ, ਐਸ.ਏ.ਐਸ.ਨਗਰ :- 13/1/2015

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਜਲੰਧਰ ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਕਪੂਰਥਲਾ ਨੂੰ ਕਰਮਚਾਰੀ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬੱਧ ਕਰਵਾਈ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।
3. ਪ੍ਰਿੰਸੀਪਲ/ਮੱਖਅਧਿਆਪਕ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਂਜਲੀ (ਕਪੂਰਥਲਾ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰੀ ਦੇ ਮੌਜੂਦਾ ਘਰ ਦੇ ਪੱਤੇ ਤੇ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ, ਕਰਮਚਾਰੀ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ।
4. ਸ਼੍ਰੀ ਨੀਰਜ ਸ਼ਰਮਾ, ਲੈਕ: ਅੰਗਰੇਜ਼ੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਂਜਲੀ (ਕਪੂਰਥਲਾ)।

13/1/15
ਸੁਪਰਡੰਟ ਕੋਆਰਡੀਨੇਸ਼ਨ ਸੈਲ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ।

ਹੁਕਮ ਨੰ:10/113-07 ਅ3(4) (ਕੋ:ਸੈ-4)
ਮਿਤੀ, ਐਸ.ਏ.ਐਸ.ਨਗਰ :-13-01-2015

ਸ਼੍ਰੀ ਅਮੋਲਕ ਸਿੰਘ, ਸਾਇੰਸ ਮਾਸਟਰ, ਸਰਕਾਰੀ ਮਿਡਲ ਸਕੂਲ, ਬੀ ਬਲਾਕ, ਅੰਮ੍ਰਿਤਸਰ, ਕੰਪ: ਸ.ਸ.ਸ.ਸ ਗੋਲਬਾਗ, ਲੀਅਨ ਸ.ਸ.ਸ.ਸ ਖਿਲਚੀਆਂ ਅੰਮ੍ਰਿਤਸਰ ਨੂੰ ਡਾਇਰੈਕਟੋਰੇਟ ਦੇ ਹੁਕਮ ਨੰ: 10/113-07 ਅ3(4) ਮਿਤੀ 31-07-2007/11-09-2007 ਰਾਂਹੀ ਮਿਤੀ 17-04-2007 ਤੋ ਸਰਕਾਰੀ ਡਿਊਟੀ ਤੋ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਕਾਰਨ ਮੇਜਰ ਸਜਾ ਦੇਣ ਲਈ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੀ ਧਾਰਾ 8 ਦੇ ਨਿਯਮ 5(viii) ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ। ਜਿ:ਸਿ:ਅ:(ਸੈਸਿ) ਅੰਮ੍ਰਿਤਸਰ ਭੇਜੇ ਪੱਤਰ ਨੰ: ਅ-2/2014/21026 ਮਿਤੀ 05-11-2014 (ਨਾਲ ਨੱਥੀ) ਸ਼੍ਰੀ ਅਮੋਲਕ ਸਿੰਘ ਪੁੱਤਰ ਸ਼੍ਰੀ ਸਰਦੂਲ ਸਿੰਘ, ਗਲੀ ਨੰ:1, ਹਰਗੋਬਿੰਦਪੁਰਾ, ਛੇਹਰਟਾ ਦੇ ਹਲਫੀਆ ਬਿਆਨ ਮਿਤੀ 04-11-2014 ਤੋਂ ਇਹ ਸਪਸ਼ਟ ਹੈ ਕਿ **ਸ਼੍ਰੀ ਅਮੋਲਕ ਸਿੰਘ, ਸਾਇੰਸ ਮਾਸਟਰ, ਸਰਕਾਰੀ ਮਿਡਲ ਸਕੂਲ, ਬੀ ਬਲਾਕ, ਅੰਮ੍ਰਿਤਸਰ ਕੰਪ: ਸ.ਸ.ਸ.ਸ ਗੋਲਬਾਗ ਲੀਅਨ ਸ.ਸ.ਸ.ਸ ਖਿਲਚੀਆਂ, ਅੰਮ੍ਰਿਤਸਰ ਅਪ੍ਰੈਲ 2007 ਵਿੱਚ ਵਿਦੇਸ਼ ਚਲਾ ਗਿਆ ਸੀ ਅਤੇ ਜੇਕਰ ਉਸ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਜਾਣ ਤਾਂ ਉਸਨੂੰ ਕੋਈ ਇਤਰਾਜ ਨਹੀਂ ਹੋਵੇਗਾ।**

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੀ ਧਾਰਾ 8 ਦੇ ਨਿਯਮ 5(viii) ਵਿਚ ਦਿੱਤੀਆ ਸ਼ਕਤੀਆਂ ਦੀ ਵਰਤੋ ਕਰਦੇ ਹੋਏ ਸ਼੍ਰੀ ਅਮੋਲਕ ਸਿੰਘ, ਸਾਇੰਸ ਮਾਸਟਰ, ਸਰਕਾਰੀ ਮਿਡਲ ਸਕੂਲ, ਬੀ ਬਲਾਕ, ਅੰਮ੍ਰਿਤਸਰ, ਕੰਪ: ਸ.ਸ.ਸ.ਸ ਗੋਲਬਾਗ, ਲੀਅਨ ਸ.ਸ.ਸ.ਸ ਖਿਲਚੀਆਂ ਅੰਮ੍ਰਿਤਸਰ ਦੇ ਅਣ-ਅਧਿਕਾਰਤ ਤੌਰ ਤੇ ਮਿਤੀ 17-04-2007 ਤੋ ਹੁਣ ਤੱਕ ਲਗਾਤਾਰ ਜਾਣਬੁਝ ਕੇ ਸਰਕਾਰੀ ਡਿਊਟੀ ਤੋਂ ਗੈਰਹਾਜਰ ਰਹਿਣ ਦੇ ਦੋਸ਼ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ਼ 1970 ਦੇ ਨਿਯਮ 5(viii) ਅਧੀਨ ਉਸ ਦੀਆਂ ਸੇਵਾਵਾਂ ਤਤਕਾਲ ਸਮੇਂ ਤੋ ਖਤਮ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿਠ ਅੰਕਣ ਨੰ: ਉਕਤ 791-95
ਮਿਤੀ, ਐਸ.ਏ.ਐਸ.ਨਗਰ :-13/1/2015

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ,ਜਲੰਧਰ ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਅੰਮ੍ਰਿਤਸਰ ਨੂੰ ਉਨ੍ਹਾਂ ਦੇ ਪੱਤਰ ਨੰ: ਅ-2/2014/21026 ਮਿਤੀ 05-11-2014 ਦੇ ਸਬੰਧ ਵਿੱਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀ ਦੇ ਬਣਦੇ ਲਾਭ ਤੁਰੰਤ ਜਾਰੀ ਕੀਤੇ ਜਾਣ।
3. ਪ੍ਰਿੰਸੀਪਲ/ਮੱਖਅਧਿਆਪਕ, ਸ.ਸ.ਸ.ਸ. ਖਿਲਚੀਆਂ (ਅੰਮ੍ਰਿਤਸਰ) ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ।
4. ਪ੍ਰਿੰਸੀਪਲ/ਮੱਖਅਧਿਆਪਕ, ਸਰਕਾਰੀ ਮਿਡਲ ਸਕੂਲ, ਬੀ ਬਲਾਕ, ਅੰਮ੍ਰਿਤਸਰ, ਕੰਪ: ਸ.ਸ.ਸ.ਸ ਗੋਲਬਾਗ (ਅੰਮ੍ਰਿਤਸਰ) ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ।
5. ਸ਼੍ਰੀ ਅਮੋਲਕ ਸਿੰਘ, ਸਾਇੰਸ ਮਾਸਟਰ, ਸਰਕਾਰੀ ਮਿਡਲ ਸਕੂਲ, ਬੀ ਬਲਾਕ, ਅੰਮ੍ਰਿਤਸਰ, ਕੰਪ: ਸ.ਸ.ਸ.ਸ ਗੋਲਬਾਗ, ਲੀਅਨ ਸ.ਸ.ਸ.ਸ ਖਿਲਚੀਆਂ ਅੰਮ੍ਰਿਤਸਰ।

13/1/15
ਸੁਪਰਡੰਟ ਕੋਆਰਡੀਨੇਸ਼ਨ ਸੈਲ